**ਸੂਚਨਾ ਅਤੇ ਲੋਕ ਸੰਪਰਕ ਵਿਭਾਗ**

**ਸਿਹਤ ਵਿਭਾਗ ਵੱਲੋਂ ਕੋਵਿਡ-19 ਦੌਰਾਨ ਰਿਹਾਇਸ਼ੀ/ਵਪਾਰਕ ਥਾਵਾਂ ਵਿਖੇ ਏ.ਸੀ. ਦੀ ਵਰਤੋਂ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ**

ਅੰਮ੍ਰਿਤਸਰ, 28 ਅਪ੍ਰੈਲ ( )-ਗਰਮੀ ਦੇ ਮੌਸਮ ਦੀ ਸ਼ੁਰੂਆਤ ਦੇ ਚੱਲਦਿਆਂ ਏਅਰ ਕੰਡੀਸ਼ਨਰਾਂ ਦੀ ਵਰਤੋਂ ਸਬੰਧੀ ਸ਼ੰਕਿਆਂ ਨੂੰ ਦੂਰ ਕਰਦਿਆਂ ਸਿਹਤ ਵਿਭਾਗ ਵੱਲੋਂ ਕੋਵਿਡ-19 ਦੌਰਾਨ ਸਿਹਤ ਸੰਸਥਾਵਾਂ ਅਤੇ ਰਹਾਇਸ਼ੀ/ਵਪਾਰਕ ਥਾਵਾਂ ਵਿਖੇ ਏ.ਸੀ. (ਏਅਰ ਕੰਡੀਸ਼ਨਰਾਂ) ਦੀ ਵਰਤੋਂ ਸਬੰਧੀ ਵਿਸਥਾਰਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਹਤ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਕਿਉਂਕਿ ਏਅਰ ਕੰਡੀਸ਼ਨਰ ਇੱਕ ਕਮਰੇ ਵਿਚਲੀ ਹਵਾ ਨੂੰ ਘੁੰਮਾ ਕੇ (ਰੀ-ਸਰਕੁਲੇਟ) ਦੁਬਾਰਾ ਠੰਡਾ ਕਰਨ ਦੇ ਨਿਯਮ ਤੇ ਕੰਮ ਕਰਦਾ ਹੈ ਇਸ ਲਈ ਮੌਜੂਦਾ ਕੋਵਿਡ-19 ਦੀ ਸਥਿਤੀ ਵਿੱਚ ਕੁਝ ਚਿੰਤਾਜਨਕ ਸ਼ੰਕਾਵਾਂ ਸਾਹਮਣੇ ਆ ਰਹੀਆਂ ਹਨ ਕਿ ਏਅਰ ਕੰਡੀਸ਼ਨਰ ਦੀ ਵੱਡੇ ਸਥਾਨਾਂ ਜਿਵੇਂ ਕਿ ਮਾਲ, ਦਫ਼ਤਰ, ਹਸਪਤਾਲ, ਸਿਹਤ ਕੇਂਦਰਾਂ ਆਦਿ ਵਿੱਚ ਵਰਤੋਂ ਦੇ ਨਾਲ ਲੋਕਾਂ ਨੂੰ ਖ਼ਤਰਾ ਹੋ ਸਕਦਾ ਹੈ।

ਲਾਗ ਦੇ ਫੈਲਣ ਦੀ ਸੰਭਾਵਨਾ ਸਿਹਤ ਸੰਸਥਾਵਾਂ ਖ਼ਾਸਕਰ ਕੋਵਿਡ -19 ਵਾਰਡਾਂ ਜਾਂ ਆਈਸੋਲੇਸ਼ਨ ਸੈਂਟਰਾਂ ਵਿਚ ਵਧੇਰੇ ਹੁੰਦੀ ਹੈ ਅਤੇ ਇਸ ਲਈ ਇਹ ਸਿਫਾਰਸ਼ ਕੀਤੀ ਗਈ ਹੈ ਕਿ ਇਨਾਂ ਖੇਤਰਾਂ ਵਿੱਚ ਬਾਕੀ ਸਾਰੇ ਹਸਪਤਾਲ ਜਾਂ ਬਿਲਡਿੰਗ ਨਾਲੋਂ ਏਅਰ ਕੰਡੀਸ਼ਨਿੰਗ ਸਿਸਟਮ ਵੱਖਰਾ ਹੋਵੇ ਤਾਂ ਜੋ ਸੰਭਾਵਿਤ ਸੰਕ੍ਰਮਿਤ ਹਵਾ ਜਾਂ ਛਿੱਟਿਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

ਉਹ ਕੁਝ ਥਾਵਾਂ ਜਿੱਥੇ ਵੱਖਰੀ ਏਅਰ ਕੰਡੀਸ਼ਨਿੰਗ ਨਹੀਂ ਕੀਤੀ ਜਾ ਸਕਦੀ, ਉੱਥੇ ਇਕੱਠੀ ਹੋਈ ਬਾਹਰ ਜਾਣ ਵਾਲੀ ਹਵਾ (ਐਗਜ਼ਾਸਟ ਏਅਰ) ਵਿੱਚ ਸੰਕ੍ਰਮਿਤ ਰੋਗਾਣੂ ਹੋਣ ਦੀ ਸੰਭਾਵਨਾ ਰਹਿੰਦੀ ਹੈ ਅਤੇ ਇਸ ਲਈ ਉਪਯੁਕਤ ਤਕਨੀਕ ਦੀ ਵਰਤੋਂ ਕਰਕੇ ਸੰਕਰਮਣ ਨੂੰ ਫੈਲਣ ਦੇ ਖ਼ਤਰੇ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੋਵਿਡ-19 ਪ੍ਰਭਾਵਿਤ ਮਰੀਜ਼ ਦੇ ਕਮਰੇ ਦੀ ਐਗਜ਼ਾਸਟ ਹਵਾ ਦਾ ਟਰੀਟਮੈਂਟ, ਹੈਪਾ-ਫਿਲਟਰੇਸ਼ਨ ਜਾਂ ਕੈਮੀਕਲ ਡਿਸਇਨਫੈਕਸ਼ਨ ਨਾਲ ਕੀਤਾ ਜਾ ਸਕਦਾ ਹੈ, ਹਵਾ ਦੀ ਬਬਲਿੰਗ ਕਰਨ ਲਈ ਗੈਰ ਧਾਤੂ ਮਟੀਰੀਅਲ ਵਾਲੇ ਡਿਫਿਊਜ਼ਡ ਏਅਰ ਏਰੀਏਟਰ ਟੈਂਕ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ, ਜਿਸ ਵਿੱਚ 1 ਪ੍ਰਤੀਸ਼ਤ ਸੋਡੀਅਮ ਹਾਈਪੋਕਲੋਰਾਈਟ ਸੋਲਿਊਸ਼ਨ ਦੀ ਵਰਤੋਂ ਕੀਤੀ ਜਾਵੇ।

ਬੁਲਾਰੇ ਨੇ ਅੱਗੇ ਕਿਹਾ ਕਿ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਏਕਾਂਤਵਾਸ ਕੇਂਦਰ ਹਵਾਦਾਰ ਹੋਣੇ ਚਾਹੀਦੇ ਹਨ ਅਤੇ ਨੈਗੇਟਿਵ ਜਾਂ ਨਿਉਟ੍ਰਲ ਪ੍ਰੈਸ਼ਰ 'ਤੇ ਮੈਂਟੇਨ ਹੋਣੇ ਚਾਹੀਦੇ ਹਨ। ਜਦੋਂ ਮਕੈਨੀਕਲ ਵੈਂਟੀਲੇਸ਼ਨ ਦੀ ਵਰਤੋਂ ਕੀਤੀ ਜਾਵੇ ਤਾਂ ਇੱਕ ਵਾਰ ਵਰਤੋਂ ਵਾਲਾ (ਨਾਨ-ਰੀਸਰਕੁਲੇਟਰੀ ਸਿਸਟਮ) ਹੋਣਾ ਚਾਹੀਦਾ ਹੈ, ਜੋ ਕਿ ਸਾਫ਼ ਤੋਂ ਗੰਦੀ (ਮਰੀਜ਼ਾਂ ਵੱਲ ਸਾਫ਼ ਅਤੇ ਐਗਜ਼ਾਸਟ ਵੱਲ ਗੰਦੀ) ਹਵਾ ਲੈ ਜਾਣ ਦੇ ਵਹਾਅ ਦੇ ਤਰੀਕੇ ਅਨੁਸਾਰ ਕੰਮ ਵਿੱਚ ਲਿਆਂਦਾ ਜਾਵੇ।

ਯੂਨਿਟਾਂ ਦਾ ਬਚਾਅ (ਮੇਨਟੇਨੈਂਸ) ਮੈਨੂਫੈਕਚਰਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਕੀਤੀ ਜਾਵੇ। ਜਿਸ ਵਿੱਚ ਫਿਲਟਰ, ਗਰਿਲਾਂ, ਡਿਫਿਊਜਰਜ਼ ਅਤੇ ਅੰਦਰੂਨੂ ਸਤਿਹਾਂ ਨੂੰ ਡਿਸਇਨਫੇਕਟ ਅਤੇ ਸਾਫ਼ ਕੀਤਾ ਜਾਵੇ।

ਵਪਾਰਕ ਅਤੇ ਉਦਯੋਗਿਕ ਥਾਵਾਂ ਲਈ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਕੋਵਿਡ-19 ਦੇ ਖ਼ਤਰੇ ਦੇ ਹਵਾ ਵਿੱਚ ਫ਼ੈਲਾਵ ਨੂੰ ਘੱਟੋ-ਘੱਟ ਰੱਖਣ ਲਈ ਜ਼ਰੂਰੀ ਹੈ ਕਿ ਅੰਦਰੂਨੀ ਵਾਤਾਵਰਣ ਵਿੱਚ ਵੱਧ ਤੋਂ ਵੱਧ ਬਾਹਰੀ ਹਵਾ ਆਉਣੀ ਚਾਹੀਦੀ ਹੈ।

ਸਿਰਫ਼ ਖਿੜਕੀਆਂ ਖੋਲਣ ਦੀ ਜਗਾਂ ਤੇ ਜੇਕਰ ਵੈਂਟੀਲੇਸ਼ਨ ਵਾਲਾ ਮਕੈਨੀਕਲ ਵੈਂਟੀਲੇਸ਼ਨ ਸਿਸਟਮਜ਼ ਅਤੇ ਏਅਰ ਕੰਡੀਸ਼ਨਿੰਗ ਸਿਸਟਮਜ਼ ਹੋਵੇ ਤਾਂ ਜ਼ਿਆਦਾ ਬਿਹਤਰ ਤਰੀਕੇ ਨਾਲ ਬਾਹਰੀ ਹਵਾ ਨੂੰ ਫਿਲਟਰ ਕਰਕੇ ਅੰਦਰੂਨੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਿਆਇਆ ਜਾ ਸਕਦਾ ਹੈ।

ਜੇਕਰ ਤਾਜ਼ੀ ਹਵਾ ਉਪਲਬੱਧ ਨਾ ਹੋ ਰਹੀ ਹੋਵੇ ਤਾਂ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤਾਜ਼ੀ ਹਵਾ ਲਈ ਸੈਂਟਰਲ ਇਨਲਾਈਨ ਫੈਨ ਫਿਲਟਰ ਯੂਨਿਟ ਨਾਲ ਇੱਕ ਏਅਰ ਡਕਟ (ਹਵਾ ਵਾਲੀ ਪਾਈਪ) ਜੋੜ ਦਿੱਤੀ ਜਾਵੇ ਅਤੇ ਜੇਕਰ ਮਲਟੀਪਲ ਕੈਸੇਟ ਜਾਂ ਮਲਟੀਪਲ ਹਾਈ ਵਾਲ ਯੂਨਿਟ ਹੋਣ ਤਾਂ ਤਾਜ਼ੀ ਹਵਾ ਨੂੰ ਗਰਿਲਾਂ ਰਾਹੀਂ ਅੰਦਰੂਨੀ ਖੇਤਰ ਵਿੱਚ ਜਾਂ ਉਸਦੇ ਨਜ਼ਦੀਕ ਪਹੁੰਚਾਇਆ ਜਾ ਸਕਦਾ ਹੈ।

ਤਾਜ਼ੀ ਹਵਾ ਦੀ ਘੱਟੋ-ਘੱਟ ਮਾਤਰਾ 3 ਕਿਊਬਿਕ ਮੀਟਰ/ਘੰਟਾ ਪ੍ਰਤੀ ਵਿਅਕਤੀ ਅਤੇ 3.75 ਕਿਊਬਿਕ ਮੀਟਰ /ਘੰਟਾ ਪ੍ਰਤੀ ਸਕੇਅਰ ਮੀਟਰ (5 ਸੀਐਫਐਮ ਪ੍ਰਤੀ ਵਿਅਕਤੀ ਅਤੇ 0.6 ਸੀਐਫਐਮ ਪ੍ਰਤੀ ਸਕੇਅਰ ਫੁੱਟ) ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਜਿਹੜੀਆਂ ਇਮਾਰਤਾਂ ਵਿੱਚ ਮਕੈਨੀਕਲ ਵੈਂਟੀਲੇਸ਼ਨ ਸਿਸਟਮ ਨਹੀਂ ਹੈ, ਉਨਾਂ ਵਿੱਚ ਖੁੱਲਣ ਵਾਲੀਆਂ ਖਿੜਕੀਆਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਰੀ-ਸਰਕੂਲੇਟ ਸਿਸਟਮ ਦੇ ਮਾਮਲੇ ਵਿੱਚ ਰਿਟਰਨ ਏਅਰ ਸਰਕੂਲੇਸ਼ਨ ਨੂੰ ਸੀਮਿਤ ਕੀਤਾ ਜਾਵੇ। ਇਸ ਰਿਟਰਨ ਏਅਰ ਸਿਸਟਮ ਨੂੰ ਐਗਜ਼ਾਸਟ ਸਿਸਟਮ ਵਿੱਚ ਬਦਲਿਆ ਜਾ ਸਕਦਾ ਹੈ।

ਰਹਾਇਸ਼ੀ ਥਾਵਾਂ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਮਰੇ ਦਾ ਤਾਪਮਨ 24 ਤੋਂ 27 ਡਿਗਰੀ ਸੈਲਸੀਅਸ ਵਿੱਚ ਸੈੱਟ ਕੀਤਾ ਜਾਵੇ ਅਤੇ ਨਮੀਂ (ਹਿਊਮੀਡਿਟੀ) ਨੂੰ 40 ਤੋਂ 70 ਪ੍ਰਤੀਸ਼ਤ ਵਿੱਚ ਰੱਖੀ ਜਾਵੇ।ਏਅਰ ਕੰਡੀਸ਼ਨਰ ਦੀ ਸਮੇਂ-ਸਮੇਂ ਤੇ ਸਰਵਿਸ ਕਰਵਾਈ ਜਾਵੇ ਤਾਂ ਜੋ ਫਿਲਟਰ ਸਾਫ਼ ਰਹਿਣ।

ਜ਼ਿਆਦਾ ਲੋਕਾਂ ਵਾਲੇ ਕਮਰੇ ਵਿੱਚ ਹਵਾ ਬਾਹਰ ਕੱਢਣ ਵਾਲਾ ਪੱਖਾ (ਐਗਜ਼ਾਸਟਫੈਨ) ਲਗਾਇਆ ਜਾ ਸਕਦਾ ਹੈ, ਜਿਸ ਨਾਲ ਕਮਰੇ ਵਿੱਚ ਨੈਗੇਟਿਵ ਪ੍ਰੈਸ਼ਰ ਬਣੇ ਅਤੇ ਤਾਜ਼ੀ ਹਵਾ ਦਾ ਚਲਣ ਰਹੇ। ਕਮਰੇ ਵਿੱਚ ਘੁੰਮ ਰਹੀ ਹਵਾ ਨੂੰ ਸਮੇਂ-ਸਮੇਂ ਤੇ ਬਾਹਰ ਕੱਢਿਆ ਜਾਵੇ।

**ਸੂਚਨਾ ਅਤੇ ਲੋਕ ਸੰਪਰਕ ਵਿਭਾਗ**

**ਸ੍ਰੀ ਹਜ਼ੂਰ ਸਾਹਿਬ ਤੋਂ ਆਏ ਸਾਰੇ ਯਾਤਰੀ ਕੀਤੇ ਜਾ ਰਹੇ ਹਨ ਕੁਆਰਨਟੀਨ**

**221 ਯਾਤਰੀਆਂ ਨੂੰ ਕੀਤਾ ਜਾਵੇਗਾ ਸਰਕਾਰੀ ਕੇਂਦਰਾਂ ਵਿਚ ਇਕਾਂਤਵਾਸ**

ਅੰਮ੍ਰਿਤਸਰ, 28 ਅਪ੍ਰੈਲ ( )-ਤਰਨਤਾਰਨ ਦੇ ਪਿੰਡ ਸੁਰ ਸਿੰਘ ਵਿਚ ਸ੍ਰੀ ਹਜ਼ੂਰ ਸਾਹਿਬ ਤੋਂ ਆਏ ਪੰਜ ਯਾਤਰੀਆਂ ਦਾ ਕੋਵਿਡ 19 ਟੈਸਟ ਪਾਜ਼ਿਟਵ ਆਉਣ ਮਗਰੋਂ ਅੰਮ੍ਰਿਤਸਰ ਜਿਲ•ੇ ਵਿਚ ਆਏ ਕਰੀਬ 221 ਯਾਤਰੀਆਂ ਨੂੰ ਸਰਕਾਰੀ ਕੇਂਦਰਾਂ ਵਿਚ ਏਕਾਂਤਵਾਸ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਦੱਸਿਆ ਕਿ ਕੱਲ• ਤੱਕ ਆਏ ਸਾਰੇ ਯਾਤਰੀਆਂ ਦਾ ਡਾਕਟਰੀ ਨਿਰੀਖਣ ਕੀਤਾ ਗਿਆ ਸੀ ਅਤੇ ਸਾਰੇ ਯਾਤਰੀ ਹੀ ਤੰਦਰੁਸਤ ਪਾਏ ਗਏ ਸਨ, ਪਰ ਤਰਨਤਾਰਨ ਵਾਲੀ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਸਾਰੇ ਯਾਤਰੀਆਂ ਨੂੰ ਕੁਆਨਰਟਾਈਨ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਯਾਤਰੀ ਠੀਕ ਕਾਰਨ ਉਨਾਂ ਨੂੰ ਘਰਾਂ ਵਿਚ ਹੀ ਇਕਾਂਤਵਾਸ ਕਰਨ ਦੀ ਹਦਾਇਤ ਕੀਤੀ ਗਈ ਸੀ, ਪਰ ਤਰਨਤਾਰਨ ਦੀ ਘਟਨਾ ਤੋਂ ਬਾਅਦ ਦੇਰ ਸ਼ਾਮ ਸਾਰੇ ਯਾਤਰੀਆਂ ਨੂੰ ਸਰਕਾਰੀ ਕੇਂਦਰਾਂ ਵਿਚ ਲਿਆਉਣ ਦੇ ਹੁਕਮ ਪ੍ਰਾਪਤ ਹੋਏ ਹਨ ਅਤੇ ਹੁਣ ਸਾਰੇ ਯਾਤਰੀਆਂ ਨੂੰ ਕੇਵਲ ਸਰਕਾਰੀ ਇਕਾਂਤਵਾਸ ਕੇਂਦਰਾਂ ਵਿਚ ਹੀ ਰੱਖਿਆ ਜਾਵੇਗਾ।

ਦੱਸਣਯੋਗ ਹੈ ਕਿ ਕੱਲ ਭਾਵ 27 ਅਪ੍ਰੈਲ ਨੂੰ ਆਏ 179 ਯਾਤਰੀਆਂ ਨੂੰ ਤਾਂ ਅੰਮ੍ਰਿਤਸਰ ਕੇਂਦਰਾਂ ਵਿਚ ਇਕਾਂਤਵਾਸ ਲਈ ਲਿਆਂਦਾ ਜਾ ਚੁੱਕਾ ਹੈ ਅਤੇ 26 ਅਪ੍ਰੈਲ ਨੂੰ ਆਏ 42 ਯਾਤਰੀਆਂ ਨੂੰ ਉਨਾਂ ਦੇ ਘਰਾਂ ਤੋਂ ਲੈਣ ਲਈ ਟੀਮਾਂ ਪਹੁੰਚ ਚੁੱਕੀਆਂ ਹਨ, ਜੋ ਕਿ ਸ਼ਾਮ ਤੱਕ ਸਾਰੇ ਯਾਤਰੀ ਇਕਾਂਤਵਾਸ ਵਿਚ ਕਰ ਦਿੱਤੇ ਜਾਣਗੇ, ਤਾਂ ਜੋ ਜੇਕਰ ਇੰਨਾਂ ਵਿਚੋਂ ਕੋਈ ਵਾਇਰਸ ਦਾ ਸ਼ਿਕਾਰ ਹੋਵੇ ਤਾਂ ਉਹ ਵਾਇਰਸ ਅੱਗੇ ਨਾ ਫੈਲ ਸਕੇ।

**ਸੂਚਨਾ ਅਤੇ ਲੋਕ ਸੰਪਰਕ ਵਿਭਾਗ ਅੰਮ੍ਰਿਤਸਰ**

**ਵਾਇਰਸ ਦੇ ਮਾਰੂ ਪ੍ਰਭਾਵ ਨੂੰ ਰੋਕਣ ਲਈ ਕਿਸਾਨ ਨਾੜ ਨਾ ਸਾੜਨ-ਖੇਤੀਬਾੜੀ ਅਧਿਕਾਰੀ**

ਅੰਮ੍ਰਿਤਸਰ, 28 ਅਪ੍ਰੈਲ ( )-ਕਿਸਾਨਾਂ ਨੂੰ ਕਣਕ ਦਾ ਨਾੜ ਸਾੜਨ ਤੋਂ ਪਰਹੇਜ਼ ਕਰਨ ਦੀ ਸਲਾਹ ਦਿੰਦਿਆਂ ਮੁੱਖ ਖੇਤੀਬਾੜੀ ਅਧਿਕਾਰੀ ਸ. ਹਰਿੰਦਰਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸੰਕਟ ਵਿਚ ਜਦੋਂ ਕੋਰੋਨਾ ਵਰਗਾ ਵਾਇਰਸ ਆਦਮੀ ਦੀ ਸਾਹ ਪ੍ਰਣਾਲੀ ਉਤੇ ਹਮਲਾ ਕਰਨ ਦੀ ਤਾਕ ਵਿਚ ਬੈਠਾ ਹੈ, ਤਾਂ ਨਾੜ ਤੋਂ ਹੋਣ ਵਾਲਾ ਧੂੰਆਂ ਹੋਰ ਵੀ ਘਾਤਕ ਸਿੱਧ ਹੋ ਸਕਦਾ ਹੈ। ਉਨਾਂ ਕਿਹਾ ਕਿ ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਵੱਲੋਂ ਸੂਬੇ ਵਿੱਚ ਨਾੜ ਅਤੇ ਪਰਾਲੀ ਸਾੜਨ 'ਤੇ ਪੂਰੀ ਤਰਾਂ ਪਾਬੰਦੀ ਲਗਾਈ ਗਈ ਹੈ ਅਤੇ ਇਸ ਸਬੰਧੀ ਸੀਆਰਪੀਸੀ ਦੀ ਧਾਰਾ 144 ਤਹਿਤ ਆਦੇਸ਼ ਵੀ ਦਿੱਤੇ ਗਏ ਹਨ, ਪਰ ਫਿਰ ਵੀ ਨਾੜ ਸਾੜਨ ਦੇ ਨਤੀਜਿਆਂ ਨੂੰ ਨਜ਼ਰਅੰਦਾਜ਼ ਕਰਦਿਆਂ ਕੁੱਝ ਕਿਸਾਨ ਅਜਿਹਾ ਕਰਦੇ ਹਨ।

ਇਸ ਸਬੰਧੀ ਚੇਤਾਵਨੀ ਦਿੰਦਿਆਂ ਉਨਾਂ ਕਿਹਾ ਕਿ ਪੰਜਾਬ ਵਿਚ ਕੋਰੋਨਾ ਵਾਇਰਸ ਫੈਲਣ ਨਾਲ, ਜੋ ਮਨੁੱਖੀ ਸਾਹ ਪ੍ਰਣਾਲੀ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ, ਅਜਿਹੇ ਹਾਲਾਤ ਵਿਚ ਪਰਾਲੀ ਸਾੜਨ ਨਾਲ ਲੋਕਾਂ ਦੀ ਸਿਹਤ 'ਤੇ ਹੋਰ ਬੁਰਾ ਅਸਰ ਪੈ ਸਕਦਾ ਹੈ। ਇਸ ਲਈ ਅਜਿਹੇ ਹਾਲਾਤ ਵਿਚ ਪੰਜਾਬ ਦੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਇਹ ਲਾਜ਼ਮੀ ਹੈ ਕਿ ਹਵਾ ਪ੍ਰਦੂਸ਼ਣ ਨੂੰ ਪੂਰੀ ਤਰਾਂ ਕੰਟਰੋਲ ਕੀਤਾ ਜਾਵੇ ਤਾਂ ਜੋ ਇਸ ਬਿਮਾਰੀ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ। ਇਸ ਤੋਂ ਇਲਾਵਾ ਵਾਤਾਵਰਣ ਨੂੰ ਸਾਫ਼ ਰੱਖਣਾ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਤਾਂ ਜੋ ਲੋਕ ਸਾਫ਼ ਹਵਾ ਵਿੱਚ ਸਾਹ ਲੈ ਕੇ ਤੰਦਰੁਸਤ ਰਹਿ ਸਕਣ।

ਇਸ ਲਈ ਲੋਕਾਂ ਦੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ, ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜ਼ਿਲਿਆਂ ਵਿਚ ਕੋਰੋਨਾ ਵਾਇਰਸ ਵਿਰੁੱਧ ਮੁਹਿੰਮ ਦੌਰਾਨ ਕਣਕ ਦੀ ਪਰਾਲੀ ਨੂੰ ਸਾੜਨ ਤੋਂ ਗੁਰੇਜ਼ ਕੀਤਾ ਜਾਵੇ।

**ਸੂਚਨਾ ਅਤੇ ਲੋਕ ਸੰਪਰਕ ਵਿਭਾਗ ਅੰਮ੍ਰਿਤਸਰ**

**ਆਈ ਟੀ ਆਈ ਬੇਰੀ ਗੇਟ ਦੇ ਬੱਚਿਆਂ ਨੇ ਤਿਆਰ ਕੀਤੇ 4000 ਮਾਸਕ**

**ਲੋੜਵੰਦ ਲੋਕਾਂ ਤੱਕ ਮੁਫ਼ਤ ਵੰਡਣ ਲਈ ਪ੍ਰਸ਼ਾਸਨ ਨੂੰ ਕੀਤਾ ਭੇਟ**

ਅੰਮ੍ਰਿਤਸਰ, 28 ਅਪ੍ਰੈਲ (        )-ਸਰਕਾਰੀ ਆਈ ਟੀ ਆਈ ਬੇਰੀ ਗੇਟ ਅੰਮ੍ਰਿਤਸਰ ਦੇ ਬੱਚਿਆਂ ਨੇ ਸੰਕਟ ਦੇ ਇਸ ਮੌਕੇ 4000 ਮਾਸਕ ਤਿਆਰ ਕਰਕੇ ਲੋੜਵੰਦ ਤੱਕ ਮੁਫ਼ਤ ਵੰਡਣ ਲਈ ਜਿਲਾ ਪ੍ਰਸ਼ਾਸਨ ਨੂੰ ਸੌਂਪੇ ਹਨ। ਇਸ ਬਾਬਤ ਜਾਣਕਾਰੀ ਦਿੰਦੇ ਪ੍ਰਿੰਸੀਪਲ ਕਿਰਪਾਲ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਸਮੇਂ ਦੀ ਲੋੜ ਅਨੁਸਾਰ ਵੱਧ ਤੋਂ ਵੱਧ ਮਦਦ ਕਰਨ ਦੀਆਂ ਕੀਤੀਆਂ ਹਦਾਇਤਾਂ ਦੇ ਮੱਦੇਨਜ਼ਰ ਸਾਡੇ ਆਈ ਟੀ ਆਈ ਵਿਚ ਪੜਦੇ ਸਿਲਾਈ ਨਾਲ ਸੰਬਧਤ ਟਰੇਡ ਦੇ ਬੱਚਿਆਂ ਨੇ ਸਟਾਫ ਦੀ ਸਹਾਇਤਾ ਨਾਲ ਮਾਸਕ ਤਿਆਰ ਕਰਨ ਦਾ ਫੈਸਲਾ ਕੀਤਾ। ਉਨਾਂ ਦੱਸਿਆ ਕਿ ਇਸ ਲਈ ਸਾਨੂੰ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਹੁਰਾਂ ਵੱਲੋਂ ਕੱਪੜੇ ਦੀ ਵੱਡੀ ਮਦਦ ਪ੍ਰਾਪਤ ਹੋਈ ਅਤੇ ਇਸ ਤੋਂ ਇਲਾਵਾ ਸਾਡੇ ਸਟਾਫ ਨੇ ਆਪ ਕੱਪੜਾ ਖਰੀਦ ਕੇ ਇਹ ਮਾਸਕ ਤਿਆਰ ਕਰਵਾਏ। ਉਨਾਂ ਦੱਸਿਆ ਕਿ ਅੱਜ ਇਹ ਮਾਸਕ ਅਸੀਂ ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਅਤੇ ਜੀ.ਆਈ.ਜੀ. ਟੀ. ਜਤਿੰਦਰ ਸਿੰਘ ਨੂੰ ਲੋੜਵੰਦਾਂ ਤੱਕ ਵੰਡਣ ਲਈ ਭੇਜ ਦਿੱਤੇ ਹਨ। ਉਨਾਂ ਕਿਹਾ ਕਿ ਭਵਿੱਖ ਵਿਚ ਵੀ ਅਸੀਂ ਪ੍ਰਸ਼ਾਸਨ ਦੀ ਲੋੜ ਅਨੁਸਾਰ ਵੱਧ-ਚੜ ਕੇ ਸੰਕਟ ਤੋਂ ਜਿਲੇ ਨੂੰ ਬਾਹਰ ਕੱਢਣ ਲਈ ਯੋਗਦਾਨ ਪਾਵਾਂਗੇ।

ਕੈਪਸ਼ਨ::-ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਨੂੰ ਮਾਸਕ ਸੌਂਪਦੇ ਪ੍ਰਿੰਸੀਪਲ ਕਿਰਪਾਲ ਸਿੰਘ ਤੇ ਸਟਾਫ।